# PUNJABI (Compulsory)

**Time Allowed : 3 hours** **Maximum Marks : 45**

ਨੋਟ : (1) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

(2) ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇਕੋ ਥਾਂ ਉਪਰ ਹੀ ਹੱਲ ਕੀਤੇ ਜਾਣ।

1. (ੳ) ਕਿਸੇ ਇੱਕ ਕਹਾਣੀ ਦਾ ਵਿਸ਼ਾ ਦੱਸ ਕੇ ਸਾਰ ਲਿਖੋ—

(i) ਬਾਗ਼ਾਂ ਦਾ ਰਾਖਾ

(ii) ਚੱਟੂ

(iii) ਚੌਥੀ ਕੂਟ। $4+6=10$

(ਅ) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ ਚਿਤਰਣ ਕਰੋ—

(i) ਕਿਸਨਾ ਤਰਖਾਣ

(ii) ਨੰਨ੍ਹਾ ਨਾਥ

(iii) ਭਾਗ ਸਿੰਘ। 5

2. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ। ਉੱਤਰ 3 ਸਤਰਾਂ ਤੋਂ ਵੱਧ ਨਾ ਹੋਵੇ —

(i) ਮੇਜਰ ਸਾਹਿਬ ਫ਼ਸਟ ਕਲਾਸ ਦਾ ਡੱਬਾ ਛੱਡ ਕੇ ਥਰਡ ਕਲਾਸ ਦੇ ਡੱਬੇ ਵਿੱਚ ਕਿਉਂ ਆ ਗਏ?

(ii) ਬਾਰੂ ਦੇ ਘਰ ਦੀ ਹਾਲਤ ਕਿਹੋ ਜਿਹੀ ਸੀ?

(iii) ਲੇਖਕ ਕਰਮ ਸਿੰਘ ਦੇ ਬਾਪੂ ਨੂੰ 'ਧਰਤੀ ਹੇਠਲਾ ਬੌਲਦ' ਕਿਉਂ ਆਖਦਾ ਹੈ?

(iv) ਬੇਬੇ ਭਾਖੜਾ ਬੰਨ੍ਹ ਦੇ ਟੁੱਟਣ ਵਿੱਚ ਕਿਉਂ ਖ਼ੁਸ਼ੀ ਮਹਿਸੂਸ ਕਰਦੀ ਸੀ?

(v) ਮਿਸਿਜ਼ ਸੂਰੀ ਨੂੰ ਬਹੁਤਾ ਦੁੱਖ ਕਿਸ ਗੱਲ ਦਾ ਸੀ?

(vi) ਅਮਰੀਕਾ ਗਏ 'ਮੈਂ' ਪਾਤਰ ਨੂੰ ਪਿੱਛੇ ਪਿੰਡ ਵਿੱਚ ਕਿਸ-ਕਿਸ ਗੱਲ ਦਾ ਫ਼ਿਕਰ ਲੱਗਾ ਰਹਿੰਦਾ ਸੀ?

(vii) ਮਾਮੀ ਗਰੇਵਾਲ ਨਾਲ ਕਿਸ ਤਰ੍ਹਾਂ ਮੋਹ ਕਰਦੀ ਸੀ?

(viii) 'ਮੋਹ-ਪਾਸ਼' ਕਹਾਣੀ ਦੇ ਅੰਤ ਵਿੱਚ ਕੀ ਵਾਪਰਿਆ? $5\times 1=5$

3. ਕਾਲਜ ਵੱਲੋਂ ਕਰਵਾਏ ਜਾ ਰਹੇ ਤ੍ਰੈ-ਭਾਸ਼ੀ ਕਵੀ ਦਰਬਾਰ ਸੰਬੰਧੀ ਵਿਦਿਆਰਥੀਆਂ ਦੀ ਜਾਣਕਾਰੀ ਹਿੱਤ ਨੋਟਿਸ ਤਿਆਰ ਕਰੋ।

https://questionpaperesult.com/

Scanned by CamScanner

ਜਾਂ

ਆਪਣੇ ਕਾਲਜ ਦੀ ਪੰਜਾਬੀ ਸਾਹਿਤ ਸਭਾ ਦੀ ਚੋਣ ਸੰਬੰਧੀ ਇਕ ਨੋਟਿਸ ਤਿਆਰ ਕਰੋ। 10

4. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਪੰਜ ਦੇ ਅਰਥ ਦੱਸ ਕੇ ਵਾਕ ਬਣਾਉ — $5 \times 1 = 5$

ਉਸਤਾਦੀ ਕਰਨੀ, ਆਈ ਚਲਾਈ ਕਰਨੀ, ਇਕੋ ਥੈਲੀ ਦੇ ਚੱਟੇ ਵੱਟੇ ਹੋਣਾ, ਸੋਹਿਲੇ ਗਾਉਣਾ, ਘੋਗਾ ਚਿੱਤ ਕਰਨਾ, ਭੂੰਡਾਂ ਦੇ ਖੱਖਰ ਨੂੰ ਹੱਥ ਪਾਉਣਾ, ਟਕੇ ਵਰਗਾ ਜਵਾਬ ਦੇਣਾ।

5. (ੳ) ਉਚਾਰਨ ਵਿਧੀ ਤੋਂ ਕੀ ਭਾਵ ਹੈ? ਇਸ ਆਧਾਰ ਤੇ ਪੰਜਾਬੀ ਵਿਅੰਜਨ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? ਉਦਾਹਰਣਾਂ ਸਹਿਤ ਲਿਖੋ।

ਜਾਂ

ਸਵਰ ਧੁਨੀਆਂ ਕੀ ਹੁੰਦੀਆਂ ਹਨ ? ਇਹਨਾਂ ਦਾ ਵਰਗੀਕਰਣ ਕਿਨ੍ਹਾਂ ਆਧਾਰਾਂ ਤੇ ਕੀਤਾ ਜਾ ਸਕਦਾ ਹੈ ? ਉਦਾਹਰਣਾਂ ਸਹਿਤ ਲਿਖੋ। 6

(ਅ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ —

(*i*) ਪੰਜਾਬੀ ਦੇ ਚਾਰ ਨਾਸਕੀ ਵਿਅੰਜਨਾਂ ਦੇ ਨਾਂ ਲਿਖੋ।

(*ii*) ਪ, ਬ, ਗ, ਖ ਵਿੱਚੋਂ ਸਘੋਸ਼ ਅਤੇ ਅਘੋਸ਼ ਵਿਅੰਜਨਾਂ ਨੂੰ ਵੱਖ-ਵੱਖ ਕਰਕੇ ਲਿਖੋ।

(*iii*) ਗਾਈਆਂ ਤੇ ਧੋਈਆਂ ਸ਼ਬਦਾਂ ਵਿੱਚ ਕਿਹੜੇ ਤਿੰਨ ਸਵਰਾਂ ਦਾ ਸੰਯੋਗ ਹੈ?

(*iv*) ਝਗੜ, ਭਲਕ, ਗਮਮ, ਕਸਪ ਵਿੱਚੋਂ ਵਿਅੰਜਨ ਗੁੱਛੇ ਚੁਣੋ। $2 + 2 = 4$

https://questionpaperesult.com/

Scanned by CamScanner